
WHITE CROW PUBLISHERS



Fahrenheit 451

# ਫਾਰਨਹੀਟ 451

ਰੇਅ ਬਰੈਡਬਰੀ

ਅਨੁਵਾਦ: ਸੁਖਜਿੰਦਰ

# ਫਾਰਨਹੀਟ 451

## ਰੇਅ ਬਰੈਡਬਰੀ

ਅਨੁਵਾਦ :

## ਸੁਖਜਿੰਦਰ

FAHRENHEIT 451

by Ray Bradbury

Translation by

Sukhjinder

Ferozepur (Pb.) 99144-21400

sukhjinderferozepur@gmail.com

ISBN 978-81-967713-8-6

First Edition: 2024 Price Rs. 275/-

Published by White Crow Publishers©

ਉਹ ਤਾਪਮਾਨ ਜਿੱਥੇ ਕਿਤਾਬ-ਕਾਗ਼ਜ਼ ਨੂੰ

ਅੱਗ ਲੱਗਦੀ ਹੈ ਤੇ ਸੜਦਾ ਹੈ।

ਜੇਕਰ ਉਹ ਤੁਹਾਨੂੰ ਲਾਈਨਦਾਰ ਕਾ.ਗਜ਼ ਦੇਣ ਤਾਂ ਤੁਸੀਂ ਦੂਜੇ ਪਾਸੇ ਲਿਖੋ।

—ਜੁਆਨ ਰੈਮੋਂ ਜਿਮਨੇਜ਼

## ਭੂਮਿਕਾ—

### ਅੱਗ ਦਾ ਸਫ਼ਾ ਹੈ ਉੱਤੇ ਫੁੱਲਾਂ ਦੀ ਸਤਰ ਹਾਂ !

ਇਸ ਮਿਸਰੇ ਵਿੱਚ ਸੁਰਜੀਤ ਪਾਤਰ ਹੋਣੀਂ ਰਚਨਾਕਾਰ ਦੀ ਸਮੁੱਚੀ ਕਵਾਇਦ ਤੇ ਉਸਦੀ ਅਸਲ ਭੂਮਿਕਾ ਦੀ ਥਹੁ ਦੇ ਰਹੇ ਹਨ। ਅੱਗ ਦੇ ਸਫ਼ੇ 'ਤੇ ਫੁੱਲਾਂ ਦੀ ਸਤਰ ਬਣੇ ਰਹਿਣਾ ਹੀ ਰਚਨਾ ਦਾ ਧਰਮ ਹੈ। ਫਾਰਨਹੀਟ 451 ਨੂੰ ਪੜ੍ਹਦਿਆਂ ਵੀ ਮੈਨੂੰ ਇਸੇ ਅੱਗ ਦੇ ਸਫ਼ੇ ਉੱਤੇ ਫੁੱਲਾਂ ਦੀ ਸਤਰ ਦੇ ਪਏ ਹੋਣ ਦਾ ਅਹਿਸਾਸ ਵਾਰ-ਵਾਰ ਹੋਇਆ। ਕਦੇ ਇਸ ਤਪਸ਼ ਦਾ ਸ਼ਿਕਾਰ ਨਾਵਲਕਾਰ ਬਰੈਡਬਰੀ ਸੀ, ਕਦੇ ਮੈਂ ਤੇ ਕਦੇ ਇਸਦੇ ਪਾਤਰ ਕੈਪਟਨ ਬੈਟੀ, ਕਲੈਰਿਸ ਮੈਕਲੈਨ ਤੇ ਸਾਰਾ ਹੀ ਸਮਾਂ ਫਾਇਰਮੈਨ ਗਾਏ ਮੌਨਟੈਗ ! ਉਹ ਇਸ ਤਪਸ਼ ਨਾਲ ਕਦੇ ਆਪਣੇ ਆਪ ਨੂੰ ਸਾੜਦਾ ਰਿਹਾ ਤੇ ਕਦੇ ਇਹ ਤਪਸ਼ ਉਸਨੂੰ ਸਾੜਦੀ ਰਹੀ। ਰੇਅ ਬਰੈਡਬਰੀ ਨੇ ਇਸ ਨਾਵਲ ਨੂੰ ਕਵਿਤਾ ਵਾਂਗ ਲਿਖਿਆ ਹੈ। ਐਸੀ

ਕਵਿਤਾ ਜੋ ਆਪ ਦੁੱਖ ਭੋਗਦੀ ਹੈ। ਰਚਨਾ ਦਾ ਦੁੱਖ ਭੋਗਣਾ ਉਸਨੂੰ ਅੰਤਹੀਣ ਕਾਲ ਤਕ ਜ਼ਿੰਦਾ ਰੱਖਦਾ ਹੈ।

ਰੇਅ ਡਗਲਸ ਬਰੈਡਬਰੀ ਦਾ ਜਨਮ 22 ਅਗਸਤ 1920 ਨੂੰ ਵੌਕੇਗਨ, ਐਲੇਨੋਏ, ਅਮਰੀਕਾ ਵਿੱਚ ਹੋਇਆ। ਉਸਦਾ ਪਿਤਾ ਲਿਓਨਾਰਡ ਬਰੈਡਬਰੀ ਅੰਗਰੇਜ਼ੀ ਮੂਲ ਦਾ ਅਮਰੀਕੀ ਸੀ, ਜੋ ਬਿਜਲੀ ਅਤੇ ਟੈਲੀਫੋਨ ਦੀਆਂ ਤਾਰਾਂ ਦਾ ਲਾਈਨਮੈਨ ਸੀ। ਰੇਅ ਬਰੈਡਬਰੀ ਦਾ ਵਿਚਕਾਰਲਾ ਨਾਮ 'ਡਗਲਸ ਇੱਕ ਅਮਰੀਕੀ ਅਦਾਕਾਰ ਡਗਲਸ ਫੇਅਰਬੈਂਕਸ ਦੇ ਨਾਮ ਤੋਂ ਰੱਖਿਆ ਗਿਆ। ਉਸਦੀ ਮਾਂ ਐਸਥਰ ਬਰੈਡਬਰੀ ਸਵਿਸ ਮੂਲ ਦੀ ਔਰਤ ਸੀ। ਬਰੈਡਬਰੀ ਦਾ ਬਚਪਨ ਇੱਕ ਸਾਂਝੇ ਪਰਿਵਾਰ ਵਿੱਚ ਬੀਤਿਆ ਜਿੱਥੇ ਉਸਦੀ ਇੱਕ ਰਿਸ਼ਤੇਦਾਰ ਉਸਨੂੰ ਪੜ੍ਹਪੜ੍ਹ ਕੇ ਕਹਾਣੀਆਂ ਸੁਣਾਇਆ ਕਰਦੀ ਸੀ। ਇਹੀ ਕਥਾ ਰਸ ਸਾਰੀ ਉਮਰ ਬਰੈਡਬਰੀ ਦੀ ਗਲਪ ਚੇਤਨਾ ਦੀ ਬਣਤਰ ਦੀ ਬੁਨਿਆਦ ਰਿਹਾ। ਜਦੋਂ ਉਹ 14 ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਲਾਸ

ਐਂਜਲਸ ਵਿਖੇ ਰਹਿਣ ਲਈ ਚਲਾ ਗਿਆ। ਜਿੱਥੇ ਹਾਲੀਵੁੱਡ ਦੀ ਖਿੱਚ ਉਸਦੀ ਬਾਲ ਬੁੱਧ ਉੱਤੇ ਪਈ ਤੇ ਉਹ ਫ਼ਿਲਮੀ ਸਿਤਾਰਿਆਂ ਦੀ ਝਲਕ ਪਾਉਣ ਲਈ ਅਨੇਕਾਂ ਵਾਰ ਰੋਲਰ ਸਕੇਟਾਂ ਉੱਤੇ ਸਵਾਰ ਹੋ ਕੇ ਹਾਲੀਵੁੱਡ ਦੇ ਗੇੜੇ ਕੱਢਦਾ ਰਹਿੰਦਾ। ਉੱਥੇ ਹੀ ਬਰੈਡਬਰੀ ਦਾ ਮੇਲ ਰੇਡੀਓ ਦੇ ਵੱਡੇ ਸਿਤਾਰੇ 'ਜਾਰਜ ਬਰਨਸ' ਦੇ ਨਾਲ ਹੋਇਆ। 14 ਵਰ੍ਹਿਆਂ ਦੀ ਉਮਰ ਵਿੱਚ ਹੀ ਉਸਨੇ ਆਪਣੀ ਪਹਿਲੀ ਕਮਾਈ ਬਰਨਸ ਦੇ ਰੇਡੀਓ ਸ਼ੋ 'ਬਰਨਸ ਐਂਡ ਐਲਨ' ਲਈ ਆਪਣਾ ਚੁਟਕਲਾ ਵੇਚ ਕੇ ਕੀਤੀ। ਆਰਥਿਕ ਸਰੋਤਾਂ ਦੀ ਘਾਟ ਤੇ ਘਰ ਦੀ ਗ਼ਰੀਬੀ ਨੇ ਬਰੈਡਬਰੀ ਦੀ ਪੜ੍ਹਾਈ ਨੂੰ ਹਾਈ ਸਕੂਲ ਤਕ ਹੀ ਮਹਿਦੂਦ ਕਰ ਦਿੱਤਾ। 24 ਸਾਲ ਦੀ ਉਮਰ ਤਕ ਉਹ ਪੂਰਾ-ਸੂਰਾ ਕਹਾਣੀ ਲੇਖਕ ਬਣ ਚੁੱਕਾ ਸੀ। ਉਸਨੇ ਆਪਣੀ ਪਹਿਲੀ ਕਹਾਣੀ 'ਦਾ ਲੋਕ' 13.75 ਡਾਲਰ ਵਿੱਚ ਵੇਚੀ।

ਉਸਨੇ ਫੈਂਟਸੀ, ਵਿਗਿਆਨ ਗਲਪ, ਭਿਆਨਕ ਗਲਪ, ਮਿਸਟਰੀ ਫਿਕਸ਼ਨ, ਜਾਦੂਈ ਯਥਾਰਥ ਤੋਂ ਇਲਾਵਾ ਕਵਿਤਾਵਾਂ ਵੀ ਲਿਖੀਆਂ। ਉਸਦਾ ਲਿਖਣ ਕਾਲ 1938 ਤੋਂ ਲੈ ਕੇ 2012 ਤਕ ਫੈਲਿਆ ਹੋਇਆ ਹੈ। ਇਸ ਦੌਰਾਨ ਉਸਨੇ ਅਨੇਕਾਂ ਕਹਾਣੀਆਂ, ਨਾਵਲ ਤੇ ਕਵਿਤਾਵਾਂ ਲਿਖੀਆਂ। ਫਾਰਨਹੀਟ 451, ਦਾ ਮਾਰਸ਼ੀਅਨ ਕਰੋਨੀਕਲਸ, ਸਮਥਿੰਗ ਵਿਕਡ ਦਿਸ ਵੇ ਤੇ ਇਲੱਸਟ੍ਰੇਟਿਡ ਮੈਨ ਉਸਦੀਆਂ ਮੁੱਖ ਰਚਨਾਵਾਂ ਹਨ। ਉਸਨੇ ਸਾਰੀ ਉਮਰ ਕੁੱਲਵਕਤੀ ਲੇਖਕ ਵਜੋਂ ਹੀ ਕਾਰਜ ਕੀਤਾ। ਲੰਬੀ ਬਿਮਾਰੀ ਦੇ ਚਲਦਿਆਂ 5 ਜੂਨ 2012 ਨੂੰ ਲਾਸ ਐਂਜਲਸ, ਕੈਲਫੋਰਨੀਆ ਵਿਖੇ ਉਸਦਾ ਦੇਹਾਂਤ ਹੋ ਗਿਆ।

ਫਾਰਨਹੀਟ 451 ਇਤਿਹਾਸ ਨੂੰ ਪਿੱਛੋਂ ਖਲੋ ਕੇ ਵੇਖਣ ਦੀ ਕਵਾਇਦ ਹੈ। ਅਜਿਹਾ ਇਤਿਹਾਸ ਜੋ ਅਜੇ ਬਣਾਇਆ ਜਾ ਸਕਦਾ ਹੈ। ਵਰਤਮਾਨ ਦੇ ਕੇਂਦਰ ਵਿੱਚ ਖਲੋਤਾ ਨਾਵਲਕਾਰ ਆਉਣ ਵਾਲੀਆਂ

ਕਨਸੋਆਂ ਲੈ ਰਿਹਾ ਹੈ। ਫਾਰਨਹੀਟ 451 ਡਾਈਸਟੋਪੀਆ ਨਾਵਲ ਹੈ। ਅਜਿਹੀ ਰਚਨਾ ਜੋ ਮਨੁੱਖੀ ਸੱਭਿਅਤਾ ਦੀਆਂ ਮੂੰਹ-ਜ਼ੋਰ ਪ੍ਰਵਿਰਤੀਆਂ ਨੂੰ ਵੇਖਦੀ ਮਹਿਸੂਸਦੀ ਹੋਈ ਉਸਦੇ ਭਵਿੱਖੀ ਚਿੱਤਰਾਂ ਦਾ ਤਸੱਵੁਰ ਕਰਦੀ ਹੈ। ਆਦਰਸ਼ ਸਮਾਜ ਦੇ ਸੁਪਨਮਈ ਯਟੋਪੀਆ ਦੇ ਸਨਮੁੱਖ ਖੜ੍ਹਾ ਹਕੀਕੀ ਡਾਇਸਟੋਪੀਆ। ਇਹ ਨਾਵਲ ਦੂਜੀ ਸੰਸਾਰ ਜੰਗ ਦੇ ਹੋ/ਵਾਪਰ ਜਾਣ ਤੋਂ ਬਾਅਦ ਲਿਖਿਆ ਗਿਆ। ਦੋਹਾਂ ਸੰਸਾਰ ਜੰਗਾਂ ਨੇ ਵਿਆਪਕ ਪੱਧਰ 'ਤੇ ਮਨੁੱਖੀ ਸਮਾਜ ਦੇ ਹਰ ਸ਼ੋਹਬੇ ਨੂੰ ਪ੍ਰਭਾਵਿਤ ਕੀਤਾ। ਆਮ ਮਨੁੱਖ ਲਈ ਇਹ ਚੌਤਰਫਾ ਸਦਮਾ ਸੀ। ਸਾਹਿਤਕਾਰ ਇਸ ਹੌਲਨਾਕ ਜੰਗ ਦੇ ਵਾਪਰਨ ਅਤੇ ਇਸਦੇ ਨਤੀਜਿਆਂ ਨੂੰ ਵੇਖ ਕੇ ਖ਼ੌਫ਼ਜ਼ਦਾ ਵੀ ਸਨ ਤੇ ਸਦਮਾਜ਼ਦ ਵੀ। ਇਹਨਾਂ ਜੰਗਾਂ ਨੇ ਮਨੁੱਖ ਨੂੰ ਉਸਦੇ ਖਾਸੇ ਤੋਂ ਉਖਾੜ ਦਿੱਤਾ। ਪੂੰਜੀਵਾਦੀ ਨਿਜ਼ਾਮ ਦੀ ਕਰੂਰਤਾ ਅਤੇ ਭਰਮਾਊ ਤਾਨਾਸ਼ਾਹੀ ਆਪਣੇ ਸਿਖਰ 'ਤੇ ਸੀ। ਸਾਰੇ ਯੂਟੋਪੀਆਈ

ਸੁਪਨੇ ਢਹਿ-ਢੇਰੀ ਹੋ ਚੁੱਕੇ ਸਨ। ਇਸ ਦੌਰ ਵਿੱਚ ਅਮਰੀਕਾ ਵਿਸ਼ਵ ਦਾ ਅਲੰਬਰਦਾਰ ਬਣ ਕੇ ਉਭਰ ਰਿਹਾ ਸੀ।

ਅਲਬੇਅਰ ਕਾਮੂ ਦਾ ਨਾਵਲ 'ਦ ਫਾਲ' ਆਰਥਰ ਮਿਲਰ ਦਾ ਨਾਟਕ 'ਡੈਥ ਆਫ਼ ਏ ਸੇਲਜ਼ਮੈਨ' ਰੇਅ ਬਰੈਡਬਰੀ ਦਾ ਨਾਵਲ 'ਫਾਰਨਹੀਟ 451' ਅਤੇ ਅਰਨੈਸਟ ਹੈਮਿੰਗਵੇ ਦਾ ਨਾਵਲ 'ਬੁੱਢਾ ਤੇ ਸਮੁੰਦਰ' ਇਨਾਂ ਸਮਿਆਂ ਦੀ ਬੇਭਰੋਸਗੀ ਉੱਤੇ ਲਿਖੀਆਂ ਗਈਆਂ ਰਚਨਾਵਾਂ ਹਨ। ਇਤਿਹਾਸਕ ਵਿਕਾਸ ਵਿੱਚ ਵਿਗਿਆਨ ਤੋਂ ਤਿਆਰ ਹੋਈ ਤਕਨੀਕ ਵਧੇਰੇ ਮੌਕਿਆਂ 'ਤੇ ਮਨੁੱਖੀ ਮਰਜ਼ੀ, ਲਾਲਚ, ਸੱਤਾ ਤੇ ਤਾਨਾਸ਼ਾਹੀ ਦਾ ਕਰੂਰ ਪ੍ਰਗਟਾਵਾ ਬਣਦੀ ਰਹੀ ਹੈ। ਪੈਸਾ, ਪੂੰਜੀ, ਰਾਜਨੀਤੀ, ਸਮਾਜ, ਪਰਿਵਾਰ ਤੇ ਸੱਤਾ ਮਨੁੱਖੀ ਮਨ ਦੀ ਬਣਤਰ ਦਾ ਅਹਿਮ ਹਿੱਸਾ ਰਹੇ ਹਨ। ਇਹੀ ਤਾਕਤਾਂ ਮਨੁੱਖੀ ਇਤਿਹਾਸ ਤੇ ਤਕਨੀਕ ਦੇ ਵਹਿਣ ਦੀਆਂ ਡਰਾਈਵਰ ਫੋਰਸਾਂ ਵੀ ਹਨ। ਬਰੈਡਬਰੀ ਇਸ ਨਾਵਲ ਵਿੱਚ ਇਹਨਾਂ ਡਰਾਈਵਰ ਫੋਰਸਾਂ ਦੇ ਤਾਨਾਸ਼ਾਹੀ ਵਿੱਚ